# ਦਸਮੇਸ਼ ਪਿਤਾ ਦਾ ਪ੍ਰਕਾਸ਼ ਪੁਰਬ ਵੱਖ-ਵੱਖ ਥਾਈਂ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

**ਅਹਿਮਦਗੜ੍ਹ, 5 ਜਨਵਰੀ (ਰੂਪੀ ਰਛੀਨ, ਸੁਖਜੀਤ ਖੇੜਾ)** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਇਕ ਵਿਸ਼ਾਲ ਨਗਰ ਕੀਰਤਨ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਮੂਹ ਗ੍ਰਾਮ ਪੰਚਾਇਤ ਪਿੰਡ ਪੰਧੇਰ ਖੇੜੀ ਅਤੇ ਇਲਾਕੇ ਦੇ 22 ਪਿੰਡਾਂ ਸਿਆੜ, ਝੰਮਣ, ਸਗੇੜਾ, ਕਲਾਹੜ, ਸਹਾਰਨ ਮਾਜਰਾ, ਰੌੜੀਆ, ਮਲੌਦ, ਗੋਸਲਾ, ਬੇਰ ਕਲ੍ਹਾ, ਬੇਰ ਖੁਰਦ, ਕੂਹਲੀ ਕਲਾਂ, ਭੀਖੀ, ਹਾਂਸ, ਕੂਹਲੀ ਖੁਰਦ, ਚੋਮੋ, ਬਾਬਰਪੁਰ, ਘਲੋਟੀ, ਘੁਢਾਈ, ਧੌਲਾ ਕਲ੍ਹਾ, ਘੌਲ ਖੁਰਦ, ਰੌਸੀਆਰ, ਰਾਮਗੜ੍ਹ ਤੋਂ ਵਾਪਰ ਪਿੰਡ ਪੰਧੇਰ ਖੇੜੀ ਵਿਖੇ ਸਮਾਪਤ ਹੋਇਆ। ਸਾਰੇ ਪਿੰਡਾਂ ਵਿੱਚ ਭਾਵੇ ਕੜਾਕੇ ਦੀ ਠੰਡ ਪੈਣ ਕਰਕੇ ਚਾਹ, ਪਕੌੜੇ, ਲੱਡੂਆਂ ਆਦਿ ਦੇ ਲੰਗਰ ਲਗਾਏ ਗਏ। ਇਸ ਨਗਰ ਕੀਰਤਨ ਵਿੱਚ ਗੱਤਕਾ ਪਾਰਟੀ ਬੈਂਡ ਬਾਜੇ, ਸੁੰਦਰ ਪਾਲਕੀ ਅਤੇ ਸੈਂਕੜੇ ਗੱਡੀਆਂ ਦਾ ਕਾਫਲਾ, ਕੀਰਤਨੀ ਜੱਥੇ ਸੰਗਤਾਂ ਨੂੰ ਆਪਣੇ ਕੀਰਤਨ ਰਾਹੀਂ ਗੁਰਬਾਣੀ ਨਾਲ ਜੋੜ ਰਹੇ ਸਨ। ਇਲਾਕੇ ਦੇ ਹਰ ਪਿੰਡ ਵਿੱਚ ਭਾਰੀ ਉਤਸਾਹ ਵੇਖਣ ਨੂੰ ਮਿਲਿਆ। ਸਾਰੇ ਪਿੰਡਾਂ ਦੀਆਂ ਪੰਚਾਇਤਾਂ ਨੇ ਨਗਰ ਕੀਰਤਨ ਦੀ ਅਗਵਾਈ ਕਰਦੇ ਸ. ਪਰਮਜੀਤ ਸਿੰਘ ਪੰਧੇਰ ਖੇੜੀ ਅਤੇ ਐਸ. ਜੀ. ਪੀ. ਸੀ. ਮੈਂਬਰ ਰਘਵੀਰ ਸਿੰਘ ਸਹਾਰਨ ਮਾਜਰਾ ਦੀ ਸ਼ਲਾਘਾ ਕਰਦਿਆਂ ਸਨਮਾਨਿਆ। ਢਾਡੀ ਜੱਥਿਆਂ ਵਿੱਚੋਂ ਬੀਬੀ ਸਹਿਨਾਜ ਗੋਸਲਾ ਅਤੇ ਭਾਈ ਗੁਲਜਾਰ ਸਿੰਘ ਚਮਕੀਲਾ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੇ ਇਤਿਹਾਸ ਗਾਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸਰਪੰਚ ਹਰਮਿੰਦਰ ਕੌਰ ਸਿਆੜ, ਜੈਲਦਾਰ ਹਰਪਾਲ ਸਿੰਘ, ਅਵਤਾਰ ਸਿੰਘ ਸਾਹੀ, ਦਿਲਵੀਰ ਸਿੰਘ ਪੰਚ, ਸਰਪੰਚ ਪ੍ਰਿਤਪਾਲ ਸਿੰਘ ਝੰਮਣ, ਮਲਕੀਤ ਸਿੰਘ ਸਾਬਕਾ ਸਰਪੰਚ, ਜਾਗੇੜਾ, ਜੱਸੀ ਕਲਾਹੜ, ਸਰਪੰਚ ਜੰਗੀਰ ਸਿੰਘ ਕਲਾਹੜ, ਸਰਪੰਚ ਸੁਖਵੰਤ ਸਿੰਘ ਕੂਹਲੀ, ਸਰਪੰਚ ਰਣਧੀਰ ਸਿੰਘ ਬੇਰ ਕਲ੍ਹਾ, ਸਰਪੰਚ ਰਾਜਵੰਤ ਸਿੰਘ ਧੌਲ ਖੁਰਦ, ਗੁਰਸੇਵਕ ਸਿੱਖ ਤੀਖੀ, ਮਾਸਟਰ ਪ੍ਰੀਤਮ ਸਿੰਘ ਭੀਖੀ, ਸਰਪੰਚ ਜੀਤ ਸਿੰਘ ਭੀਖੀ, ਸਰਪੰਚ ਗੁਰਪ੍ਰੀਤ ਸਿੰਘ ਸਹਾਰਨ ਮਾਜਰਾ ਪੰਚ ਕਰਨੈਲ ਸਿੰਘ ਰਾਮਗੜ੍ਹ ਸਰਦਾਰਾ, ਸਰਪੰਚ ਅਮਰ ਸਿੰਘ ਰੋਸੀਆਣਾ, ਸਾਬਕਾ ਸਰਪੰਚ ਬਲਵੀਰ ਸਿੰਘ ਪੰਧੇਰ ਖੇੜੀ, ਸ੍ਰੀ ਰਘੂਨੰਦਨ ਸ਼ਰਮਾ ਸਿਆੜ, ਸਾਬਕਾ ਸਰਪੰਚ ਗੁਰਮੇਲ ਸਿੰਘ ਧੌਲਾ ਕਲਾਂ, ਮਾਸਟਰ ਸਤਵੰਤ ਸਿੰਘ ਕਿਲਾ ਹਾਂਸ, ਕਮਲਜੀਤ ਕਿਲਾ ਹਾਂਸ, ਬਚਿੱਤਰ ਸਿੰਘ, ਮੁਕੰਦਪੁਰ, ਜੋਗ ਸਿੰਘ ਸਹਾਰਨਮਾਜਰਾ, ਸੁਖਦੇਵ ਸਿੰਘ ਮਾਨਸਾ ਵਾਲੇ, ਹਰਟਹਿਲ ਸਿੰਘ ਪੰਧੇਰ ਧੌਲ ਖੁਰਦ ਆਦਿ ਨੇ ਹਾਜਰੀ ਲਗਵਾਈ।


ਅਹਿਮਦਗੜ੍ਹ ਵਿਖੇ ਸਜਾਏ ਗਏ ਨਗਰ ਕੀਰਤਨ ਦੀਆਂ ਝੱਲਕੀਆਂ। ਫੋਟੋ - ਰੂਪੀ ਰਸ਼ੀਨ

**ਚਾਉਕੇ,(ਭੂਸ਼ਨ ਘੜੈਲਾ)**-ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਪੁਰਬ ਦੀ ਖੁਸ਼ੀ ਵਿੱਚ ਨੇੜਲੇ ਪਿੰਡ ਘੜੈਲੀ ਵਿਖੇ ਗੁਰਦੁਆਰਾ ਸਿੰਘ ਸਭਾ ਲੋਕਲ ਕਮੇਟੀ ਘੜੈਲੀ ਦੇ ਪ੍ਰਬੰਧਕਾਂ ਵੱਲੋਂ 2 ਜਨਵਰੀ ਨੂੰ ਨਗਰ ਕੀਰਤਨ ਨੂੰ ਸਜਾ ਕੇ ਪਿੰਡ ਦੀਆਂ ਗਲੀਆਂ ਵਿੱਚੋਂ ਵੀ ਕੱਢਿਆ ਗਿਆ। ਇਸ ਖੁਸ਼ੀ ਮੌਕੇ ਪਿੰਡ ਘੜੈਲੀ ਦੇ ਵਸਨੀਕ ਜਗਬੀਰ ਸਿੰਘ, ਕੁਲਵਿੰਦਰ ਸਿੰਘ ਕਿੰਦੀ, ਪੱਪੀ ਸਿੰਘ, ਕੇਵਲ ਸਿੰਘ, ਡਾ. ਨਛੱਤਰ ਸਿੰਘ, ਸੁਖਵਿੰਦਰ ਸਿੰਘ ਮਿੱਟੂ, ਬਲਬੀਰ ਸਿੰਘ, ਕਿੰਦਰ ਸਿੰਘ, ਕੁਲਦੀਪ ਸਿੰਘ, ਸਤਨਾਮ ਸਿੰਘ ਤੋਂ ਇਲਾਵਾ ਜਰਨੈਲ ਸਿੰਘ ਜ਼ੈਲਾ, ਇੰਦਰ ਸਿੰਘ, ਭੋਲਾ ਸਿੰਘ, ਮੇਜਰ ਸਿੰਘ, ਗੁਰਜੰਟ ਸਿੰਘ ਤੇ ਮੱਲ ਸਿੰਘ ਸਾਬਕਾ ਸਰਪੰਚ ਦੇ ਪਰਿਵਾਰ ਵੱਲੋਂ ਵੱਖ-ਵੱਖ ਪੜਾਵਾਂ 'ਤੇ ਨਗਰ ਕੀਰਤਨ ਦੀ ਸੇਵਾ ਵਿੱਚ ਚਾਹ, ਪਕੌੜੇ, ਬਿਸਕੁੱਟ, ਜਲੇਬੀਆਂ ਆਦਿ ਦਾ ਲੰਗਰ ਲਗਾਇਆ ਗਿਆ ਤੇ ਬਾਅਦ ਵਿੱਚ ਲਾਗਲੇ ਪਿੰਡ ਘੜੈਲਾ ਵਿਖੇ ਵੀ ਨਗਰ ਕੀਰਤਨ ਨੂੰ ਸਜਾਇਆ ਗਿਆ। ਪਿੰਡ ਘੜੈਲਾ ਦੀ ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਨੇ ਇਸ ਖੁਸ਼ੀ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਤੇ ਪਹੁੰਚੀਆਂ ਹੋਈਆਂ ਨਗਰ ਕੀਰਤਨ ਨਾਲ ਸੰਗਤਾਂ ਦੀ ਸੇਵਾ ਕੀਤੀ। ਇਸ ਮੌਕੇ ਪਿੰਡ ਘੜੈਲੀ ਦੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਤੇ ਪਿੰਡ ਦੇ ਮੋਹਤਬਰ ਆਗੂ ਗੁਰਜੰਟ ਸਿੰਘ ਖਾਲਸਾ, ਭੋਲਾ ਸਿੰਘ ਖਾਲਸਾ, ਕੁਲਦੀਪ ਸਿੰਘ ਗ੍ਰੰਥੀ ਆਦਿ ਹਾਜ਼ਰ ਸਨ।

**ਪੱਟੀ, (ਪ.ਪ.)** ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਗੁਰਦੁਆਰਾ ਬਿੰਦੀ ਚੰਦ ਭੱਠ ਸਾਹਿਬ ਪੱਟੀ ਤੇ ਬਾਬਾ ਸਰੂਪ ਸਿੰਘ ਦੀ ਅਗਵਾਈ ਹੇਠ ਇੱਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ, ਜਿਸ ਵਿੱਚ ਨਿਹੰਗ ਸਿੰਘਾਂ ਨੇ ਗਤਕੇ ਦੇ ਜੌਹਰ ਵਿਖਾਏ। ਇਸ ਮੌਕੇ ਬਜ਼ਾਰ ਵਿੱਚ ਜਗ੍ਹਾ-ਜਗ੍ਹਾ ਸੰਗਤਾਂ ਲਈ ਕੜਾਹ ਪ੍ਰਸ਼ਾਦਿ ਦਾ ਲੰਗਰ ਲਗਾਇਆ। ਨਗਰ ਕੀਰਤਨ ਗੁਰਦੁਆਰਾ ਬੀਬੀ ਰਜਨੀ ਗੁਰਦਾਰਾ ਸਿੱਖਾਂ ਵਾਲਾ ਕੋਰਠੇ ਰੋਡ ਪੱਟੀ, ਗੁਰਦੁਆਰਾ ਸ਼ਹੀਦ ਪ੍ਰਤਾਪ ਸਿੰਘ ਅਤੇ ਨਾਨਕਪੁਰੀ ਤੋਂ ਹੁੰਦਾ ਹੋਇਆ ਵਾਪਸ ਗੁਰਦੁਆਰਾ ਬਿੱਧੀ ਚੰਦ ਪੁੱਜਾ। ਇਸ ਮੌਕੇ ਬਲਰਾਜ ਸਿੰਘ ਏ.ਐੱਸ.ਆਈ. ਟ੍ਰੈਫਿਕ ਵੱਲੋਂ ਸੁਚੱਜੇ ਪ੍ਰਬੰਧ ਕੀਤੇ ਗਏ।

**ਨੂਰਪੁਰ ਬੇਦੀ (ਜਗਦੀਪ ਸ਼ਰਮਾ)**- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਉਨ੍ਹਾਂ ਦੀ ਚਰਨ ਛੋਹ ਪ੍ਰਾਪਤ ਧਰਤੀ ਗੁਰਦੁਆਰਾ ਖੇੜਾ ਕਲਮਟ (ਨੂਰਪੁਰ ਬੇਦੀ) ਵਿਖੇ ਅੱਜ ਸੰਗਤਾਂ ਦੇ ਵੱਡੇ ਇਕੱਠ ਵੱਲੋਂ ਪਵਿੱਤਰ ਧਰਤੀ ਨੂੰ ਸਨਮਸਤਕ ਹੁੰਦਿਆਂ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਇਸ ਦੌਰਾਨ ਨੌਜਵਾਨ ਸਭਾ ਵਿੱਚ ਭੱਲੜੀ ਦੇ ਵਿਸ਼ੇਸ਼ ਯਤਨਾਂ ,ਦਕਾ ਸ੍ਰੀ ਅਖੰਡ ਪਾਠ ਸਾਹਿਬ ਦੀ ਇਲਾਹੀ ਬਾਣੀ ਦੀ ਸੰਪੂਰਨਤਾ ਦੇ ਭੋਗ ਪਾਏ ਗਏ। ਉਪਰੰਤ ਕੌਮੋ ਦੇ ਪ੍ਰਸਿੱਧ ਢਾਡੀ ਜਥੇ ਗਿਆਨੀ ਤਰਲੋਚਨ ਸਿੰਘ ਭੁਮੰਦੀ ਤੇ ਸਾਥੀਆਂ ਨੇ ਸੰਗਤਾਂ ਨੂੰ ਦਸਮ ਪਾਤਸ਼ਾਹ ਦੇ ਜੀਵਨ ਕਾਲ ਨਾਲ ਸੰਬੰਧਤ ਇਤਿਹਾਸਕ ਵਾਰਾਂ ਨਾਲ ਨਿਹਾਲ ਕੀਤਾ। ਇਸ ਦੌਰਾਨ ਅਸਥਾਨ ਦੇ ਮੁੱਖ ਸੇਵਾਦਾਰ ਬਾਬਾ ਮਲਕੀਅਤ ਸਿੰਘ ਕਾਲਵਾਂ, ਮੌੜ ਵਾਲਿਆਂ ਨੇ ਆਈਆਂ ਸ਼ਖਸੀਅਤਾਂ ਨੂੰ ਸਿਰੋਪਾਓ ਬਖਸ਼ਿਸ਼ ਕੀਤੇ। ਇਸ ਦੌਰਾਨ ਹੋਰਨਾਂ ਤੋਂ ਇਲਾਵਾ ਬਾਬਾ ਪ੍ਰੇਮ ਸਿੰਘ ਭੱਲੜੀ, ਜਗਤ ਸਿੰਘ ਭੱਲੜੀ ਤੇ ਸਮੂਹ ਗ੍ਰਾਮ ਪੰਚਾਇਤ ਅਤੇ ਨੌਜਵਾਨ ਸਭਾ ਦੇ ਮੈਂਬਰਾਂ ਨੇ ਵਿਸ਼ੇਸ਼ ਭੂਮਿਕਾ ਨਿਭਾਈ।

**ਭਵਾਨੀਗੜ੍ਹ (ਲਖਵਿੰਦਰ ਪਾਲ ਗਰਗ)**- ਨੇੜਲੇ ਪਿੰਡ ਘਰਾਚੋਂ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਕੱਢਿਆ ਗਿਆ। ਜੋ ਕਿ ਹਮੀਰ ਪੱਤੀ ਦੇ ਗੁਰੂ ਘਰ ਅਕਾਲ ਸਹਾਇ ਤੋਂ ਸ਼ੁਰੂ ਹੋ ਕੇ ਗੁਰਦੁਆਰਾ ਦੇਸੀਆਣਾ ਸਾਹਿਬ ਤੋਂ ਹੁੰਦੇ ਹੋਏ ਪੂਰੇ ਪਿੰਡ ਵਿੱਚ ਦੀ ਲੰਘਦੇ ਹੋਏ ਅਕਾਲ ਸਹਾਇ ਗੁਰਦੁਆਰਾ ਸਾਹਿਬ ਵਿਖੇ ਜਾ ਕੇ ਸੰਪੰਨ ਹੋਇਆ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਨਿਰਮਲ ਸਿੰਘ ਘਰਾਚੋਂ ਨੇ ਕਿਹਾ ਕਿ ਸਾਨੂੰ ਗੁਰੂਆਂ ਵੱਲੋਂ ਦਰਸਾਏ ਮਾਰਗ 'ਤੇ ਚੱਲਣਾ ਚਾਹੀਦਾ ਹੈ। ਸਰਬੰਸਦਾਨੀ ਦਸਮੇਸ਼ ਪਿਤਾ ਜੀ ਨੇ ਜਾਤਪਾਤ, ਪੱਖਪਾਤ ਦੇ ਖਿਲਾਫ ਜੂਝਦਿਆਂ ਹੋਏ ਸਮੁੱਚੀ ਮਨੁੱਖਤਾ ਨੂੰ ਇੱਕ ਲੜੀ ਵਿੱਚ ਪ੍ਰੋਇਆ, ਜਿਸ ਤੋਂ ਸਾਨੂੰ ਇਹੀ ਸੰਦੇਸ਼ ਮਿਲਦਾ ਹੈ ਕਿ ਸਮੁੱਚੀ ਮਨੁੱਖਤਾ ਨਾਲ ਪਿਆਰ ਕਰੀਏ ਅਤੇ ਉਸ ਅਕਾਲ ਪੁਰਖ ਵਾਹਿਗੁਰੂ ਦੀ ਫੌਜ ਵਿੱਚ ਭਰਤੀ ਹੋਈਏ। ਇਸ ਮੌਕੇ ਗੁਰੂ ਘਰ ਦੇ ਗ੍ਰੰਥੀ ਬਾਬਾ ਨਿਰਮਲ ਸਿੰਘ ਨੇ ਸੰਗਤਾਂ ਨੂੰ ਸ਼ਬਦ ਕੀਰਤਨ ਸੁਣਾ ਕੇ ਨਿਹਾਲ ਕੀਤਾ। ਇਸ ਮੌਕੇ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਦੇ ਬੱਚਿਆਂ ਤੇ ਸਮੂਹ ਸਟਾਫ ਨੇ ਨਗਰ ਕੀਰਤਨ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਮੌਕੇ ਗੁਰੂ ਘਰ ਹਮੀਤ ਪੱਤੀ ਦੇ ਪ੍ਰਧਾਨ ਗੁਰਮੇਲ ਸਿੰਘ, ਰਾਮਪਾਲ ਸਿੰਘ, ਅੰਮ੍ਰਿਤਪਾਲ ਸਿੰਘ, ਜਸਪਾਲ ਸਿੰਘ, ਗ੍ਰੰਥੀ ਬਾਬਾ ਕਲੇਰ ਸਿੰਘ, ਸੁਖਦੇਵ ਸਿੰਘ, ਪ੍ਰਿੰਸੀਪਲ ਸਰੋਜ ਗਰਗ, ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

**ਅਹਿਮਦਗੜ੍ਹ (ਦੇਸ ਰਾਜ ਸ਼ਰਮਾ)**- ਸਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੀ ਆਗਮਨ ਗੁਰਪੁਰਬ ਨੂੰ ਸਮਰਪਿਤ ਗੁਰਦੁਆਰਾ ਸਿੰਘ ਸਭਾ ਅਹਿਮਦਗੜ੍ਹ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਨਗਰ ਕੀਰਤਨ ਪੂਰੀ ਸ਼ਾਨੋ-ਸ਼ੌਕਤ ਨਾਲ ਸ਼ਹਿਰ ਦੇ ਮੁੱਖ ਬਜ਼ਾਰਾਂ ਵਿੱਚੋਂ ਹੁੰਦੀ ਹੋਇਆ ਬਾਅਦ ਦੁਪਹਿਰ ਗੁਰਦੁਆਰਾ ਸਿੰਘ ਸਭਾ ਵਿਖੇ ਸਮਾਪਿਤ ਹੋਇਆ। ਨਗਰ ਕੀਰਤਨ ਨੂੰ ਸਮਰਪਿਤ ਸੰਗਤਾਂ ਵੱਲੋਂ ਵੱਖ-ਵੱਖ ਵਾਰਡਾਂ ਵਿੱਚੋਂ ਚਾਹ, ਮੁਠਿਆਈ, ਪਕੌੜਿਆਂ ਦੇ ਲੰਗਰ ਚਲਾਏ ਗਏ। ਨਗਰ ਕੀਰਤਨ ਵਿੱਚ ਖਿੱਚ ਦੇ ਕੇਂਦਰ ਬੀਰੂ ਬੈਂਡ ਆਦਿ ਤੇ ਸਕੂਲੀ ਤੇ ਰਾਗੀ ਜਥਿਆਂ ਵੱਲੋਂ ਕੀਰਤਨ ਵਿਖਿਆਨ ਕੀਤਾ ਗਿਆ। ਵਾਰਡ ਨੰਬਰ 1 ਦੇ ਐੱਮ.ਸੀ. ਸ੍ਰੀ ਅਵਤਾਰ ਸਿੰਘ ਜੱਸਲ ਤੇ ਵਾਈਸ ਚੇਅਰਮੈਨ ਮਾਰਕੀਟ ਕਮੇਟੀ ਅਹਿਮਦਗੜ੍ਹ ਦੇ ਸ੍ਰ. ਕੁਲਦੀਪ ਸਿੰਘ ਕੜਵਲ ਅਤੇ ਵਾਰਡ ਦੀਆਂ ਸੰਗਤਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁੰਦਰ ਰੁਮਾਲੇ ਭੇਟ ਕੀਤੇ ਗਏ।


ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਹਾੜੇ ਸਬੰਧੀ ਕਰਵਾਏ ਸਮਾਗਮ ਦੀਆਂ ਝੱਲਕੀਆਂ। ਫੋਟੋ-ਹੈਪੀ, ਪ੍ਰਦੀਪ ਪੱਟੀ

**ਪਠਾਨਕੋਟ (ਧਵਨ, ਜਥੇਦਾਰ, ਜੰਡੀਰ)**- ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਸੰਬੰਧੀ ਅੱਜ ਸ਼ਹਿਰ ਅੰਦਰ ਇੱਕ ਵਿਸ਼ਾਲ ਨਗਰ ਕੀਰਤਨ ਕੱਢਿਆ ਗਿਆ। ਇਹ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਕੱਢਿਆ ਗਿਆ। ਸਭ ਤੋਂ ਮੋਹਰੇ ਨੌਜਵਾਨ ਆਤਿਸ਼ਬਾਜ਼ੀ ਚਲਾਉਂਦੇ ਚੱਲ ਰਹੇ ਸਨ ਤੇ ਉਨ੍ਹਾਂ ਦੇ ਪਿੱਛੇ ਜਥੇਦਾਰ ਕੇਸਰ ਸਿੰਘ ਫੁਲਵਾੜੀ ਗਤਕਾ ਪਾਰਟੀ ਉਸਤਾਦ ਗੁਰਜੀਤ ਸਿੰਘ ਦੀ ਅਗਵਾਈ ਹੇਠ ਗਤਕੇ ਦੇ ਜੌਹਰ ਵਿਖਾ ਰਹੀ ਸੀ। ਇਸ ਵਿੱਚ ਸ਼ਾਮਲ ਬੈਂਡ ਵਾਲੇ ਗੁਰਬਾਣੀ ਦੀਆਂ ਧੁੰਨਾਂ ਕੱਢ ਰਹੇ ਸਨ ਤੇ ਸੰਗਤਾਂ ਦਾ ਭਾਰੀ ਜਥਾ ਗੁਰਬਾਣੀ ਦਾ ਜਾਪੁ ਕਰਦਾ ਚੱਲ ਰਿਹਾ ਸੀ। ਜਥੇਦਾਰ ਦਿਲਬਾਗ ਸਿੰਘ ਅਤੇ ਹਰਦੀਪ ਸਿੰਘ ਮਾਕਨ ਦੀ ਅਗਵਾਈ ਹੇਠ ਵੱਖ-ਵੱਖ ਧਾਰਮਿਕ ਸੰਸਥਾਵਾਂ ਦੇ ਆਗੂ ਇਸ ਵਿੱਚ ਹੁੰਮ-ਹੁਮਾ ਕੇ ਸ਼ਾਮਲ ਹੋਏ। ਰਸਤੇ ਵਿੱਚ ਜਗ੍ਹਾ ਜਗ੍ਹਾ ਖਾਣ-ਪੀਣ ਵਾਲੀਆਂ ਚੀਜ਼ਾਂ ਦੇ ਸਟਾਲ ਲੱਗੇ ਹੋਏ ਸਨ, ਖਾਸ ਤੌਰ 'ਤੇ ਰੋਟਰੀ ਕਲੱਬ ਸੈਂਟਰਲ ਦਾ ਸਟਾਲ ਬਹੁਤ ਪ੍ਰਭਾਵਸ਼ਾਲੀ ਸੀ ਅਤੇ ਇਸ ਤੋਂ ਬਰੈੱਡ ਟੋਸਟ ਅਤੇ ਚਾਹ ਦਾ ਪ੍ਰਸ਼ਾਦਿ ਵਰਤਾਇਆ ਜਾ ਰਿਹਾ ਸੀ। ਕੜਾਕੇ ਦੀ ਸਰਦੀ ਦਾ ਸੰਗਤ ਦੇ ਉਤਸ਼ਾਹ ਉਪਰ ਕੋਈ ਅਸਰ ਨਹੀਂ ਹੋਇਆ ਅਤੇ ਸੰਗਤਾਂ ਹੁੰਮ ਹੁਮਾ ਕੇ ਸ਼ਾਮਲ ਹੋਏ। ਇਹ ਨਗਰ ਕੀਰਤਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰਾਈ ਮੁਹੱਲਾ ਤੋਂ ਸ਼ੁਰੂ ਹੋ ਕੇ ਵੱਖ-ਵੱਖ ਬਜ਼ਾਰਾਂ ਵਿੱਚਾਂ ਵੀ ਹੁੰਦਾ ਹੋਇਆ ਸ਼ਾਮ ਨੂੰ ਵਾਪਸ ਗੁਰਦੁਆਰਾ ਸਾਹਿਬ ਪੁੱਜ ਕੇ ਸਮਾਪਤ ਹੋਇਆ।

**ਕੁਹਾੜਾ (ਗੁਰਨਾਮ)**- ਸਿੱਖਾਂ ਦੇ ਸਿਰਤਾਜ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਗਮਨ ਪੁਰਬ ਦੇ ਸੰਬੰਧ ਵਿੱਚ ਕੁਹਾੜਾ ਦੇ ਸਮੂਹ ਨਗਰ ਨਿਵਾਸੀਆਂ ਵੱਲੋਂ ਨਗਰ ਕੀਰਤਨ ਸਜਾਇਆ ਗਿਆ। ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ੍ਰ. ਬੰਤਾ ਸਿੰਘ ਦੀ ਰਹਿਨੁਮਾਈ ਹੇਠ ਨਗਰ ਕੀਰਤਨ ਚੌਂਕ ਨੇੜਲੇ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਪਾਲਕੀ ਵਿੱਚ ਸਜਾਇਆ ਹੋਇਆ ਸੀ। ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰੇ ਕਰ ਰਹੇ ਸਨ। ਸੰਗਤਾਂ ਵੱਲੋਂ ਥਾਂ-ਥਾਂ ਪਕੌੜੇ,. ਚਾਹ ਤੇ ਲੰਗਰ ਚੱਲ ਰਹੇ ਸਨ। ਇਸ ਮੌਕੇ ਸਰਪੰਚ ਤੇਜ ਸਿੰਘ ਗਰਚਾ, ਅਜਮੇਰ ਸਿੰਘ ਲਾਲੀ, ਮੈਂਬਰ ਬਲਾਕ ਸੰਮਤੀ, ਸ੍ਰ. ਸ਼ਰਨਜੀਤ ਸਿੰਘ ਗਰਚਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਲੁਧਿਆਣਾ, ਸਤਵੰਤ ਸਿੰਘ ਗਰਚਾ ਤੋਂ ਇਲਾਵਾ ਸਮੂਹ ਨਗਰ ਨਿਵਾਸੀ ਸ਼ਾਮਲ ਸਨ।

**ਮਹਿਲ ਕਲਾਂ (ਪ੍ਰੇਮ ਕੁਮਾਰ)**-ਨੇੜਲੇ ਪਿੰਡ ਛੀਨੀਵਾਲ ਕਲਾਂ ਵਿਖੇ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗਰਾਮ ਪੰਚਾਇਤ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਸਦਕਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਆਯੋਜਿਤ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਸਰਕਲ ਪ੍ਰਧਾਨ ਸੰਤ ਦਲਬਾਰ ਸਿੰਘ ਛੀਨੀਵਾਲ ਨੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੇ ਪਤਿਤਪੁਣੇ ਤੋਂ ਛੁਟਕਾਰਾ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣਾ ਚਾਹੀਦਾ ਹੈ। ਇਸ ਸਮੇਂ ਰਾਗੀ ਜਥਾ ਭਾਈ ਪ੍ਰੀਤਮ ਸਿੰਘ ਜੰਡਸਰ, ਭਾਈ ਗੁਰਜੰਟ ਸਿੰਘ, ਭਾਈ ਨਿਰਭੈ ਸਿੰਘ ਤੇ ਭਾਈ ਜਸਵੀਰ ਸਿੰਘ ਨੇ ਰਸਭਿੰਨਾ ਕੀਰਤਨ ਕੀਤਾ ਤੇ ਗੁਰਬਚਨ ਸਿੰਘ ਸ਼ੇਰੁਪਰੀ, ਨੰਬਰਦਾਰ ਬਲਦੇਵ ਸਿੰਘ ਬੋਪਾਰਾਏ, ਕੁਲਵੰਤ ਸਿੰਘ ਮਾਣੂੰਕੇ, ਸੁਰਜੀਤ ਸਿੰਘ ਕਲਾਲਾ ਤੇ ਅਮਰ ਸਿੰਘ ਛੀਨੀਵਾਲ ਨੇ ਕਵੀਸ਼ਰੀ ਜਥੇ ਨੇ ਗੁਰ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਭਾਈ ਹਰਦੇਵ ਸਿੰਘ, ਕੁਲਦੀਪ ਸਿੰਘ ਤੇ ਜਸਵੀਰ ਸਿੰਘ ਸੀਰਾ ਦੀਆਂ ਗੱਤਕਾ ਪਾਰਟੀਆਂ ਨੇ ਆਪਣੇ ਜੌਹਰ ਵਿਖਾਏ। ਇਸ ਸਮੇਂ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੀਤ ਸਿੰਘ, ਖਜ਼ਾਨਚੀ ਪਵਿੱਤਰ ਸਿੰਘ, ਸਕੱਤਰ ਜੋਗਿੰਦਰ ਸਿੰਘ, ਭਾਈ ਪਰਮਜੀਤ ਸਿੰਘ, ਜਗਸੀਰ ਸਿੰਘ ਭੋਲਾ ਅਤੇ ਯੂਥ ਆਗੂ ਸਰਪੰਚ ਪ੍ਰਿਤਪਾਲ ਸਿੰਘ ਛੀਨੀਵਾਲ ਆਦਿ ਆਗੂ ਹਾਜ਼ਰ ਸਨ।

**ਬੁਢਲਾਡਾ, (ਦਵਿੰਦਰ ਸਿੰਘ ਕੋਹਲੀ)** ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਵਸ ਦੇ ਸੰਬੰਧ 'ਚ ਗੁਰਦੁਆਰਾ ਸਾਹਿਬ ਟਿਕਾਣਾ ਭਾਈ ਜਗਤਾ ਜੀ ਮੁਹੱਲਾ ਧਮਰਪੁਰਾ ਵਿਖੇ ਰੱਖੇ ਗਏ ਦੋ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਹਜੂਰੀ ਰਾਗੀ ਜੱਥਾ ਭਾਈ ਸਰਵਨ ਸਿੰਘ, ਭਾਈ ਅਵਤਾਰ ਸਿੰਘ ਗੁਲਿਆਨੀ ਦੇ ਜੱਥੇ ਨੇ ਮਨੋਹਰ ਕੀਰਤਨ, ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਦੀਵਾਨ ਸਿੰਘ ਮੁਲਿਆਨੀ ਨੇ ਦੱਸਿਆ ਕਿ ਸਮੂਹ ਸਾਧ ਸੰਗਤ ਤੇ ਛੋਟੇ ਬੱਚਿਆਂ ਨੇ 4 ਜਨਵਰੀ ਤੱਕ ਸ੍ਰੀ ਚੌਪਈ ਸਾਹਿਬ ਜੀ ਦੇ ਪਾਠ 50004 ਪੰਜਾਹ ਹਜਾਰ ਚਾਰ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਕੀਤੇ। ਇਸ ਮੌਕੇ ਚੌਪਈ ਸਾਹਿਬ ਜੀ ਦੇ ਪਾਠਾਂ ਦੇ ਅਰਦਾਸ ਕੀਤੀ ਗਈ। ਇਸ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਗੁਰਦੁਆਰਾ ਸਾਹਿਬ ਨਵੀਨ ਸਿੰਘ ਸਭਾ ਦੇ ਪ੍ਰਧਾਨ ਗੁਰਨਾਮ ਸਿੰਘ ਕੋਹਲੀ, ਨਗਰ ਕੌਂਸਲ ਪ੍ਰਧਾਨ ਬੀਬੀ ਬਲਬੀਰ ਕੌਰ, ਸ. ਹਰਭਜਨ ਸਿੰਘ ਬਜਾਜ, ਸ. ਚੈਚਲਲ ਸਿੰਘ, ਸ. ਹਰਭਜਨ ਸਿੰਘ ਭਜੂ ਸਾਬਕਾ ਕੌਂਸਲਰ, ਗੁਰਵਿੰਦਰ ਸਿੰਘ ਸੋਨੂੰ ਕੌਂਸਲਰ, ਮੁਖਿੰਦਰ ਸਿੰਘ, ਸੁਖਵਿੰਦਰ ਸਿੰਘ ਮਨੀ, ਹਰਪਾਲ ਸਿੰਘ ਪਾਲਾ, ਬੀਬੀ ਮਹਿੰਦਰ ਕੌਰ, ਬੀਬੀ ਸੁਰਜੀਤ ਕੌਰ, ਬੀਬੀ ਸੁਰਿੰਦਰ ਕੌਰ, ਬੀਬੀ ਪ੍ਰੀਤਮ ਕੌਰ, ਬੀਬੀ ਪ੍ਰੇਮ ਕੌਰ, ਸ. ਅਜੀਤ ਸਿੰਘ ਪਿੰਕਾ, ਉਜਾਗਰ ਸਿੰਘ, ਜੁਗਿੰਦਰ ਸਿੰਘ ਗੁਲਿਆਨੀ, ਹਰਬੰਸ ਸਿੰਘ, ਗੁਲਿਆਨੀ, ਕ੍ਰਿਪਾਲ ਸਿੰਘ ਗੁਲਿਆਨੀ, ਅਮਰਜੀਤ ਸਿੰਘ ਗੁਲਿਆਨੀ, ਦਵਿੰਦਰ ਸਿੰਘ ਕੋਹਲੀ, ਇੰਦਰਜੀਤ ਸਿੰਘ ਬਿੱਲਾ, ਬੀਬੀ ਹਰਜੀਤ ਕੌਰ, ਕੁਲਦੀਪ ਸਿੰਘ ਗੋਲਡੀ ਆਦਿ ਹਾਜਰ ਸਨ। ਇਸ ਮੌਕੇ 9 ਛੋਟੇ ਬੱਚਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਲੇਖ ਸੁਣਾਏ ਸਨ। ਉਨ੍ਹਾਂ ਨੂੰ ਹਜ਼ੂਰੀ ਰਾਗੀ ਭਾਈ ਸਵਰਨ ਸਿੰਘ ਨੇ ਆਪਣੇ ਵੱਲੋਂ ਸਨਾਮਨਿਤ ਕੀਤਾ। ਇਸ ਮੌਕੇ ਕਈ ਅਹਿਮ ਸਖਸ਼ੀਅਤਾਂ ਨੂੰ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਦੀਵਾਨ ਸਿੰਘ ਗੁਨਿਆਨੀ ਨੇ ਸਿਰੋਪੇ ਦੇ ਕੇ ਸਨਮਾਨਿਤ ਕੀਤਾ।

**ਨਾਭਾ, (ਰਾਜਿੰਦਰ ਸਿੰਘ ਕਪੂਰ)** ਸਰਬੰਸਦਾਨੀ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਆਗਮਨ ਦਿਹਾੜੇ ਨੂੰ ਸਮਰਪਿਤ ਸਥਾਨਿਕ ਗੁਰਦੁਆਰਾ ਬਾਬਾ ਅਜੇਪਾਲ ਸਿੰਘ (ਗੁ. ਘੋੜਿਆ ਵਾਲਾ) ਤੋਂ ਇੱਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਅਤੇ ਪੰਜ ਪਿਆਰੀਆਂ ਦੀ ਅਗਵਾਈ ਹੇਠ ਇੱਕ ਨਗਰ ਕੀਰਤਨ ਅਲੋਹਰਾਂ ਗੇਟ, ਸਦਰ ਬਜਾਰ ਕਰਤਾਰ ਪੁਰਾ, ਬੋੜਾ ਗੇਟ, ਸਰਕੂਲਰ ਰੋਡ, ਜੱਟਾਂ ਵਾਸ, ਬਸੰਤਪੁਰਾ, ਸਬਜੀ ਮੰਡੀ, ਮੋਹਨ ਗੇਟ ਚੌਂਕ, ਗੁ. ਅਕਾਲਗੜ੍ਹ ਸਾਹਿਬ, ਹੀਰਾ ਮਹਿਲ, ਪਾਡੂਸਰ ਬੇਦੀਆਂ ਸਟਰੀਟ ਹੁੰਦਾ ਹੋਇਆ ਵਾਪਸ ਗੁਰਦੁਆਰਾ ਸਾਹਿਬ ਸਮਾਪਤ ਹੋਇਆ। ਸ਼ਹਿਰ ਵਿੱਚ ਜਗ੍ਹਾ ਜਗ੍ਹਾ ਸਵਾਗਤੀ ਗੇਟ ਅਤੇ ਕਈ ਪ੍ਰਕਾਰ ਦੇ ਪਦਾਰਥਾਂ ਚਾਹ, ਲੱਡੂ, ਬਰੈੱਡ ਪਕੌੜਿਆ, ਪੂਰੀ ਛੋਲਿਆ ਆਦਿ ਦੇ ਲੰਗਰ ਲਾ ਕੇ ਨਗਰ ਕੀਰਤਨ ਦਾ ਸਵਾਗਤ ਕੀਤਾ ਗਿਆ। ਨਗਰ ਕੀਰਤਨ ਵਿੱਚ ਰਾਗੀ ਸਿੰਘਾਂ ਅਤੇ ਸ਼ਬਦੀ ਜੱਥਿਆਂ ਵੱਲੋਂ ਧੁਰਕੀ ਬਾਣੀ ਦੇ ਕੀਰਤਨ ਸਾਰੇ ਰਸਤੇ ਕੀਤੇ ਗਏ। ਗਤਕਾ ਪਾਰਟੀਆਂ ਅਤੇ ਸਕੂਲੀ ਬੈਂਡ ਵਾਲਿਆਂ ਨੇ ਆਪਣੀ ਕਲਾਂ ਦੇ ਜੌਹਰ ਦਾ ਵਿਖਾਵਾ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਵ ਸ੍ਰੀ ਮਾਨਇੰਦਰ ਸਿੰਘ ਮਾਣੀ ਹਲਕਾ ਇੰਚਾਰਜ ਐਸ.ਐਸ. ਪੀ. ਰਣਬੀਰ ਸਿੰਘ ਰਖੜਾ, ਰਾਮ ਦਿਆਲ ਸਿੰਘ ਤੇ ਸਤਵਿੰਦਰ ਸਿੰਘ ਟੋਹੜਾ ਮੈਂਬਰ ਐਸ. ਜੀ. ਪੀ. ਸੀ. ਹਰਵਿੰਦਰ ਸਿੰਘ ਮਨੇਜਰ, ਧਰਮ ਸਿੰਘ, ਬਾਬਾ ਮੱਖਣ ਸਿੰਘ ਕਾਰ ਸੇਵਾ ਗੁਰਬਖਸੀਸ਼ ਸਿੰਘ ਭੱਟੀ ਪ੍ਰਧਾਨ ਨਗਰ ਕੌਂਸਲ, ਸਰਬਜੀਤ ਸਿੰਘ ਸਰਬੀ, ਸਮਸ਼ੇਰ ਸਿੰਘ ਚੌਧਰੀ ਮਾਜਰਾ, ਕੁਲਵੰਤ ਸਿੰਘ, ਹਰਿੰਦਰਪਾਲ ਸਿੰਘ ਅਨੰਦ, ਜਗਜੀਤ ਸਿੰਘ ਤੁਲੀ ਸਮੇਤ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਸ਼ਾਮਲ ਹੋਈਆਂ।

**ਭਦੌੜ, (ਸੁਰਿੰਦਰ ਬੱਤਾ)** ਕਸਬਾ ਭਦੌੜ ਵਿਖੇ ਗੁਰਦੁਆਰਾ ਪਾਤਸ਼ਾਹੀ ਦਸਵੀਂ ਵੱਲੋਂ ਨਗਰ ਦੇ ਸਹਿਯੋਗ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਹਜ਼ੂਰੀ 'ਚ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਨਗਰ ਕੀਰਤਨ ਸਜਾਇਆ ਗਿਆ। ਸੰਗਤਾਂ ਵੱਲੋਂ ਨਗਰ ਕੀਰਤਨ ਦਾ ਥਾਂ-ਥਾਂ ਤੇ ਭਰਵਾਂ ਸਵਾਗਤ ਕੀਤਾ ਗਿਆ ਅਤੇ ਚਾਹ ਪਕੌੜਿਆਂ ਦੇ ਲੰਗਰ ਲਗਾਏ। ਇਸ ਸਮੇਂ ਰਣਜੋਧ ਸਿੰਘ ਰਾਏਕੋਟ ਵਾਲੇ ਦੇ ਬੀਬੀਆਂ ਦੇ ਢਾਡੀ ਜੱਥੇ ਤੇ ਕਲਵੰਤ ਸਿੰਘ ਹਠੂਰ ਦੇ ਜੱਥੇ ਨੇ ਸਿੱਖੀ ਦੇ ਇਤਿਹਾਸ ਨਾਲ ਸਬੰਧਤ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਸ਼੍ਰੋਮਣੀ ਕਮੇਟੀ ਮੈਂਬਰ ਬਲਦੇਵ ਸਿੰਘ ਚੂੰਘਾ ਅਤੇ ਅਮਰ ਸਿੰਘ ਬੀ. ਏ. ਵੱਲੋਂ ਸੰਗਤਾਂ ਨੂੰ ਗੁਰੂ ਦੇ ਲੜ ਲੱਗਣ ਲਈ ਪ੍ਰੇਰਿਤ ਕੀਤਾ ਅਤੇ ਨਵੇਂ 30 ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ ਗਿਆ। ਅੰਮ੍ਰਿਤ ਛੱਕਣ ਵਾਲੇ ਬੱਚਿਆਂ ਨੂੰ ਸਿਰੋਪਾਏ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਨਗਰ ਕੌਂਸਲ ਦੇ ਪ੍ਰਧਾਨ ਜਸਵੀਰ ਸਿੰਘ ਧੰਮੀ, ਮਨੇਜਰ ਦਾਨ ਸਿੰਘ, ਅਮਰੀਕ ਸਿੰਘ ਹੈੱਡਗ੍ਰੰਥੀ ਸਤਨਾਮ ਸਿੰਘ, ਗੁਰਪਾਲ ਸਿੰਘ ਢੁਡੀਕੇ ਅਤੇ ਬੂਟਾ ਸਿੰਘ ਨੇ ਵੀ ਆਪਣੀ ਹਾਜਰੀ ਲਵਾਈ।


ਨਾਭੇ ਵਿਖੇ ਸਜਾਏ ਗਏ ਕੀਰਤਨ ਕੀਰਤਨ ਦੀਆਂ ਝੱਲਕੀਆਂ। ਫੋਟੋ-ਕਪੂਰ

**ਤਲਵੰਡੀ ਸਾਬੋ, (ਰਣਜੀਤ ਸਿੰਘ ਰਾਜੂ)** ਸਿੱਖਾਂ ਦੇ ਦਸਵੇਂ ਗੁਰੂ ਕਲਗੀਧਰ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਅੱਜ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਅੱਜ ਤਖਤ ਸ੍ਰੀ ਦਮਦਮਾ ਸਾਹਿਬ ਦੇ ਗੁਰਦੁਆਰਾ ਦਮਦਮਾ ਸਾਹਿਬ ਵਿਖੇ ਪਿਛਲੇ ਤਿੰਨ ਦਿਨਾਂ ਤੋਂ ਆਰੰਭੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਭੋਗ ਉਪਰੰਤ ਗੁਰੂ ਸਾਹਿਬ ਦੇ ਜੀਵਨ ਬਾਰੇ ਚਾਨਣਾ ਪਾਉਂਦਿਆਂ ਹਲਕਾ ਇੰਚਾਰਜ ਸ. ਅਮਰਜੀਤ ਸਿੰਘ ਨੇ ਕਿਹਾ ਕਿ ਮਹਾਨ ਕਵੀ ਧਾਰਮਿਕ ਆਗੂ ਮਹਾਨ ਯੋਧਾ, ਸਰਵੰਸ ਦਾਨੀ ਅਤੇ ਸਾਹਿਬੇ ਕਮਾਲ ਜਿਹੇ ਖਿਤਾਬ ਅੱਜ ਤੱਕ ਵਿਸ਼ਵ ਦੇ ਕਿਸੇ ਵੀ ਧਾਰਮਿਕ ਆਗੂ ਨੂੰ ਨਹੀਂ ਮਿਲੇ। ਸਿਰਫ ਤੇ ਸਿਰਫ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਹੀ ਇਨ੍ਹਾਂ ਖਿਤਾਬਾਂ ਨਾਲ ਨਿਵਾਜਿਆ ਗਿਆ ਹੈ। ਸ. ਖਾਨਾ ਨੇ ਕਿਹਾ ਕਿ ਗੁਰੂ ਸਾਹਿਬ ਨੇ ਭਵਿੱਖ ਵਿੱਚ ਵੀ ਕਦੇ ਨਾ ਸਿਰਜੇ ਜਾਣ ਵਾਲੇ ਇਤਿਹਾਸ ਦੀ ਸਿਰਜਣਾ ਕਰਦਿਆਂ ਸ਼ੇਰਾਂ ਦੀ ਕੌਮ ਬਣਾਈ। ਉਨ੍ਹਾਂ ਕਿਹਾ ਕਿ ਤਲਵੰਡੀ ਸਾਬੋ ਦੇ ਲੋਕ ਖੁਸਕਿਸਮਤ ਹਨ ਕਿ ਇੱਥੇ ਗੁਰੂ ਸਾਹਿਬ ਦੇ ਚਰਨ ਪਏ ਅਤੇ ਸਾਡੇ ਮੌਜੂਦਾ ਗੁਰੂ ਸ੍ਰੀ ਗੁਰੂ ਸਾਹਿਬ ਦੀ ਸੰਪੂਰਨਤਾ ਵੀ ਇੱਥੇ ਹੋਈ। ਉਨ੍ਹਾਂ ਸਿੱਖ ਸੰਗਤਾਂ ਨੂੰ ਪ੍ਰਕਾਸ਼ ਪੁਰਬ ਦੀ ਵਧਾਈ ਵੀ ਦਿੱਤੀ। ਆਪਣੇ ਸੰਬੋਧਨ ਵਿੱਚ ਤਖਤ ਸਾਹਿਬ ਦੇ ਜੱਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੇ ਜਿੱਥੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਬਾਰੇ ਚਾਨਣਾ ਪਾਇਆ ਉੱਥੇ ਮੌਜੂਦਾ ਸਮੇਂ ਸਿੱਖੀ ਤੇ ਪੈ ਰਹੇ ਸੰਕਟਾਂ ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਸਮੁੱਚੀ ਕੌਮ ਨੂੰ ਅੰਮ੍ਰਿਤ ਛਕ ਕੇ ਸ਼ਬਦ ਗੁਰੂ ਦੇ ਲੜ ਲੱਗਣ ਦੀ ਅਪੀਲ ਕੀਤੀ। ਉਨ੍ਹਾਂ ਨੌਜਵਾਨਾਂ ਨੂੰ ਵੀ ਨਸ਼ੇ ਤਿਆਗ ਕੇ ਚੜ੍ਹਦੀ ਕਲਾਂ ਵਾਲੇ ਸਿੰਘ ਸੱਜਣ ਦੀ ਬੇਨਤੀ ਕੀਤੀ। ਇਸ ਮੌਕੇ ਭੋਗ ਸਮੇਂ ਤਖਤ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਬਲਵੰਤ ਸਿੰਘ ਨੇ ਅਰਦਾਸ ਕੀਤੀ। ਭੋਗ ਉਪਰੰਤ ਹਜੂਰੀ ਰਾਗੀ ਭਾਈ ਜਗਸੀਰ ਸਿੰਘ ਤੇ ਸੁਖਵੰਤ ਸਿੰਘ ਸਹੂਰ ਦੇ ਜੱਥੇ ਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਹਜਾਰਾਂ ਦੀ ਗਿਣਤੀ ਵਿੱਚ ਸਿੱਖ ਸੰਗਤਾਂ ਦੇ ਨਾਲ ਨਾਲ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਹਰਬੰਸ ਸਿੰਘ ਸੰਧੂ ਸਹਾਰਾ ਕਲੱਬ ਪ੍ਰਧਾਨ ਗੁਰਤਿੰਦਰ ਰਿੰਪੀ, ਮੀਤ ਮੈਨੇਜਰ ਭਾਈ ਜਗਪਾਲ ਸਿੰਘ, ਸਰਕਲ ਜੱਥੇਦਾਰ ਜਸਵਿੰਦਰ ਸਿੱਧੂ, ਮਾਰਕੀਟ ਕਮੇਟੀ ਚੇਅਰਮੈਨ ਜਗਮਿੰਦਰ ਭਾਗੀਵਾਂਦਰ, ਉੱਪ ਚੇਅਮਰੈਨ ਤੇਜਾ ਮਲਕਾਣਾ ਸੀਨੀ. ਆਗੂ ਰਣਜੀਤ ਮਲਕਾਣਾ, ਜਗਦੀਸ਼ ਦੀਸਾ, ਕਾਂਗਰਸੀ ਆਗੂ ਬਾਬੂ ਸਿੰਘ ਮਾਨ, ਬਸਪਾ ਆਗੂ ਮਾ. ਜਗਦੀਪ ਗੋਗੀ, ਯੂਥ ਅਕਾਲੀ ਆਗੂ ਭੁਪਿੰਦਰ ਜੱਸਲ ਗੁਰਮੀਤ ਸਿੰਘ ਆਦਿ ਮੋਹਤਬਰ ਵੀ ਹਾਜਰ ਸਨ।

**ਨੰਗਲ, (ਗੁਰਬਿੰਦਰ ਸਿੰਘ ਜੰਡੀਰ, ਧਰਮਪਾਲ)**-ਸਾਹਿਬ ਕਮਾਲ, ਬਾਦਸ਼ਾਹ ਦਰਵੇਸ਼ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਨੰਗਲ ਸ਼ਹਿਰ ਅਤੇ ਇਲਾਕੇ ਦੇ ਵੱਖ-ਵੱਖ ਗੁਰਦੁਆਰਿਆਂ ਵਿੱਚ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਗੁਰਦੁਆਰਾ ਘਾਟ ਸਾਹਿਬ, ਗੁਰਦੁਆਰਾ ਸਿੰਘ ਸਭਾ ਮੇਨ ਮਾਰਕੀਟ, ਗੁਰਦੁਆਰਾ ਸਾਹਿਬ ਪਿੰਡ ਬੀਨੇਵਾਲ, ਗੁਰਦੁਆਰਾ ਸਿੰਘ ਸਭਾ ਸਨੋਲੀ ਮਜਾਰਾ, ਗੁਰਦੁਆਰਾ ਸ੍ਰੀ ਗੋਬਿੰਦ ਸਿੰਘ ਮੈਹਤਪੁਰ, ਗੁਰਦੁਆਰਾ ਸਾਹਿਬ ਦਸਮੇਸ਼ ਗੜ੍ਹ ਭਲਾਨ, ਗੁਰਦੁਆਰਾ ਸ੍ਰੀ ਭਿਬੋਰ ਸਾਹਿਬ, ਗੁਰਦੁਆਰਾ ਸ੍ਰੀ ਕੁਸ਼ਟ ਨਿਵਾਰਨ ਭਾਤਪੁਰ ਸਾਹਿਬ ਪਿੰਡ ਦੜੌਲੀ, ਗੁਰਦੁਆਰਾ ਸਾਹਿਬ ਸੈਕਟਰ ਦੋ ਨਵਾਂ ਨੰਗਲ ਵਿਖੇ ਧਾਰਮਿਕ ਦੀਵਾਨ ਸਜਾਏ ਗਏ, ਜਿੱਥੇ ਪੰਥ ਪ੍ਰਸਿੱਧ ਰਾਗੀ ਜਥਿਆਂ ਅਤੇ ਲੋਕਲ ਰਾਗੀ ਸਿੰਘਾਂ ਨੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਸਿੰਘ ਸਭਾ ਮੇਨ ਮਾਰਕੀਟ ਵਿਖੇ ਬਾਬਾ ਭਗਵਾਨ ਸਿੰਘ ਮਦਾਨ ਵੱਲੋਂ ਸ਼ਖਸੀਅਤਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਸ੍ਰੀ ਗੁਰੂ ਨਾਨਕ ਯੋਗ ਮਿਸ਼ਨ ਦੀ ਪ੍ਰਮੁੱਖ ਬੀਬੀ ਬਲਜੀਤ ਕੌਰ ਖਾਲਸਾ ਕੈਨੇਡਾ ਵਾਲਿਆਂ ਨੇ ਗੁਰਦੁਆਰਾ ਸਿੰਗ ਸਭਾ ਸੈਕਟਰ ਦੋ ਨਵਾਂ ਨੰਗਲ ਵਿਖੇ ਗੁਰਮਤਿ ਵਿਚਾਰ ਰੱਖ ਕੇ ਅਤੇ ਨਾਮ ਸਿਰਮਨ ਕਰਵਾ ਕੇ ਸੰਗਤਾਂ ਨੂੰ ਅਕਾਲ ਪੁਰਖ ਨਾਲ ਜੋੜਨ ਦਾ ਯਤਨ ਕੀਤਾ। ਇਸ ਸਮੇਂ ਸਮੂਹ ਗੁਰਦੁਆਰਾ ਤਾਲਮੇਲ ਕਮੇਟੀ ਦੇ ਪ੍ਰਧਾਨ ਸ੍ਰ. ਸਜਿੰਦਰ ਸਿੰਘ, ਜਥੇਦਾਰ ਸ੍ਰ. ਰਣਜੀਤ ਸਿੰਘ, ਸ੍ਰ. ਸ਼ਰਨਜੀਤ ਸਿੰਘ, ਸ੍ਰ. ਅਮਰੀਕ ਸਿੰਘ, ਸ੍ਰ. ਕਰਨੈਲ ਸਿੰਘ, ਸ੍ਰ. ਜਗਰਮੋਹਨ ਸਿੰਘ, ਸ੍ਰ. ਤਰਲੋਚਨ ਸਿੰਘ ਰਾਗੀ, ਸ੍ਰ, ਜਸਵਿੰਦਰ ਸਿੰਘ ਬੀਨੇਵਾਲ, ਪ੍ਰੋ. ਮਹਿੰਗਾ ਰਾਮ, ਸ੍ਰ. ਅਵਤਾਰ ਸਿੰਘ, ਸ੍ਰ. ਅਮਰੀਕ ਸਿੰਘ, ਸ੍ਰ. ਉਂਕਾਰ ਸਿੰਘ, ਸ੍ਰ. ਅੰਗਰੇਜ਼ ਸਿੰਘ, ਸ੍ਰ. ਜਗਦੇਵ ਸਿੰਘ, ਸ੍ਰ. ਅਮਰੀਜਤ ਸਿੰਘ, ਸ੍ਰ. ਗੁਰਮੇਲ ਸਿੰਘ, ਸ੍ਰ. ਜਸਪਾਲ ਸਿੰਘ, ਸ੍ਰ. ਪਰਮਜੀਤ ਸਿੰਘ, ਸ੍ਰ.ਹਰਚਰਨ ਸਿੰਘ, ਸ੍ਰ. ਗੁਰਚਰਨ ਸਿੰਘ, ਸ੍ਰ. ਇੰਦਰ ਸਿੰਘ ਆਦਿ ਸ਼ਖਸੀਅਤਾਂ ਨੇ ਹਾਜ਼ਰੀ ਲਵਾਈ।

**ਮੇਹਟੀਆਣਾ, ਰਿਹਾਣਾ ਜੱਟਾਂ, (ਅਮਰਿੰਦਰ ਸਿੰਘ ਧਾਲੀਵਾਲ)**-ਗੁਰਦੁਆਰਾ ਸਿੰਘ ਸਭਾ ਅਸਲਾਮਾਬਾਦ ਹੁਸ਼ਿਆਰਪੁਰ ਤੋਂ ਪਿਛਲੇ 16 ਦਿਨਾਂ ਤੋਂ ਲਗਾਤਾਰ ਸਵੇਰੇ 5 ਵਜੇ ਤੋਂ 8 ਵਜੇ ਤੱਕ, ਸਰਬੰਸਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਦੀ ਖੁਸ਼ੀ ਅੰਦਰ ਪ੍ਰਭਾਤ ਫੇਰੀਆਂ ਕੱਢੀਆਂ ਜਾਂਦੀਆਂ ਰਹੀਆਂ। ਸੰਗਤਾਂ 'ਬੋਲੇ ਸੋ ਨਿਹਾਲ', 'ਸਤਿ ਸ੍ਰੀ ਅਕਾਲੀ', ਦੇ ਜੈਕਾਰੇ ਛੱਡਦੀਆਂ, 'ਸਤਿਨਾਮ ਵਾਹਿਗੁਰੂ' ਜਾਪ ਕਰਦੇ ਹੋਏ ਅਸਲਆਬਾਦ, ਬੂਲਾਵਾੜੀ, ਅਜੀਤ ਨਗਰ, ਇੰਦਰਾ ਕਾਲੋਨੀ, ਇਨਕਲੇਵ, ਸਕੀਮ ਨੰਬਰ ਦਸ ਵਿੱਚ ਪ੍ਰਕਰਮਾ ਕਰਕੇ ਸਤਿਗੁਰੂ ਦੇ ਚਰਨਾਂ ਨਾਲ ਜੁੜਦੀਆਂ ਸਨ। ਰਸਤੇ 'ਚ ਸ਼ਰਧਾਲੂ ਸੰਗਤਾਂ, ਨਗਰ ਕੀਰਤਨ 'ਚ ਚੱਲ ਰਹੀਆਂ ਸੰਗਤਾਂ ਉੱਪਰ ਫੁੱਲ ਦੀ ਵਰਖਾ ਕਰਦੀਆਂ, ਚਾਹ, ਪਕੌੜੇ, ਮਠਿਆਈ ਦੇ ਲੰਗਰ ਚਲਾਏ ਜਾਂਦੇ ਸਨ। ਉਪਰੰਤ ਸ਼ਰਧਾਲੂਆਂ ਦੇ ਘਰਾਂ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਉਪਰੰਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ 'ਚ ਗੁਰਬਾਣੀ ਦੇ ਪੰਜ ਸ਼ਬਦਾਂ ਦਾ ਕੀਰਤਨ ਹੁੰਦਾ ਹੈ। ਗੁਰੂ ਜੀ ਹੁਕਮਨਾਮੇ ਦੀ ਵਿਆਖਿਆ ਉਪਰੰਤ ਗੁਰੂ ਜੀ ਦੇ ਅਤੁੱਟ ਲੰਗਰ ਵਰਤਦੇ ਅਤੇ ਸੰਗਤਾਂ ਗੁਰੂ ਜਸ ਗਾਇਨ ਕਰਦੇ ਹੋਏ ਵਾਪਸ ਗੁਰਦੁਆਰਾ ਸਾਹਿਬ ਪਹੁੰਚੀਆਂ ਸਨ। ਅੱਜ 5 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਤੋਂ ਉਪਰੰਤ ਰਾਗੀ, ਢਾਡੀ ਅਤੇ ਕੀਰਤਨੀ ਜਥਿਆਂ ਗੁਰੂ ਜਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਗੁਰੂ ਜੀ ਦਾ ਲੰਗਰ ਅਤੁੱਟ ਵਰਤਿਆ।


ਭਦੌੜ ਵਿਖੇ ਸਜਾਏ ਗਏ ਕੀਰਤਨ ਕੀਰਤਨ ਦੀਆਂ ਝੱਲਕੀਆਂ। ਫੋਟੋ-ਸੁਰਿੰਦਰ ਬੱਤਾ

**ਸਮਾਣਾ, (ਸਾਹਿਬ ਸਿੰਘ)** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜਾ ਸਮਾਣਾ ਸ਼ਹਿਰ ਅਤੇ ਆਸ-ਪਾਸ ਦੇ ਪਿੰਡਾਂ ਵਿੱਚ ਸ਼ਰਧਾ ਅਐ ਸਤਿਕਾਰ ਨਾਲ ਮਨਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠਾਂ ਦੇ ਭੋਗ ਉਪਰੰਤ ਗੁਰਬਾਣੀ ਦਾ ਕੀਰਤਨ ਕੀਤਾ ਗਿਆ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਮੁੱਖ ਸਮਾਗਮ ਗੁਰਦੁਆਰਾ ਰਾਮਗੜ੍ਹੀਆਂ ਸਾਹਿਬ ਸਮਾਣਾ ਵਿਖੇ ਹੋਇਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਬਾਣੀ ਦਾ ਕੀਰਤਨ ਕੀਤਾ ਗਿਆ। ਰਾਤ ਦੇ ਦੀਵਾਨਾਂ ਵਿੱਚ ਭਾਈ ਹਰਦੀਪ ਸਿੰਘ ਦੇ ਰਾਗੀ ਜੱਥੇ ਨੇ ਕੀਰਤਨ ਅਤੇ ਗੁਰਬਾਣੀ ਦਾ ਵਿਖਿਆਨ ਕੀਤਾ। ਇਸ ਮੌਕੇ ਸ. ਜੋਗਿੰਦਰ ਸਿੰਘ, ਸ. ਅਵਤਾਰ ਸਿੰਘ, ਦਵਿੰਦਰ ਸਿੰਘ ਮਹਿਤਾ, ਸੂਬੇਦਾਰ ਅਨੂਪ ਸਿੰਘ, ਜੱਥੇਦਾਰ ਜਸਪਾਲ ਸਿੰਘ, ਜ. ਅਮਰਜੀਤ ਸਿੰਘ, ਸ਼ਹੀਦ ਬਾਬਾ ਦੀਪ ਸਿੰਘ ਦਲ ਪੰਜਾਬ ਦੇ ਪ੍ਰਧਾਨ ਦਲਜੀਤ ਸਿੰਘ ਰਿੰਪਲ ਪੰਜਰਥ, ਜਨਰਲ ਸਕੱਤਰ ਭਾਈ ਬੇਅੰਤ ਸਿੰਘ ਚੀਮਾ, ਸੁਭਾਸ਼ ਪੰਜਰਥ ਦਸਮੇਸ਼ ਸੇਵਕ ਦਲ ਦੇ ਪ੍ਰਧਾਨ ਸ. ਕੁਲਵੰਤ ਸਿੰਘ, ਜਸਬੀਰ ਸਿੰਘ ਐਡਵੋਕੇਟ, ਅਕਾਲੀ ਦਲ (ਸ਼ਹਿਰੀ) ਦੇ ਪ੍ਰਧਾਨ ਜ. ਸੰਤੋਖ ਸਿੰਘ, ਜੋਗਿੰਦਰ ਸਿੰਘ, ਗੁਰੂ ਨਾਨਕ ਮਾਰਗ ਸੁਸਾਇਟੀ ਦੇ ਜਨਰਲ ਸਕੱਤਰ ਭਾਈ ਹਰਨੇਕ ਸਿੰਘ ਜੱਸਲ, ਅਕਾਲੀ ਦਲ (ਬਾਦਲ) ਦੇ ਜ਼ਿਲ੍ਹਾ ਮੀਤ ਪ੍ਰਧਾਨ, ਗੁਰਜੀਤ ਸਿੰਘ ਕਾਲੇਕਾ, ਸੁਖਵਿੰਦਰ ਸਿੰਘ ਦਾਨੀਪੁਰਾ ਅਤੇ ਹੀਰਾ ਸਿੰਘ ਆਦਿ ਵੀ ਹਾਜਰ ਸਨ।

**ਜ਼ੀਰਾ, (ਸੁਖਪਾਲ ਸਿੰਘ ਗਿੱਲ)**-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਦੇ ਦਿਹਾੜੇ ਤੇ ਬਾਬਾ ਸਰਬ ਦਾਸ ਯੂਥ ਵੈੱਲਫੇਅਰ ਐਂਡ ਸਪੋਰਟਸ ਕਲੱਬ ਜ਼ੀਰਾ ਦੇ ਮੈਂਬਰਾਂ ਨੇ ਪੌਦਾ ਲਗਾ ਕੇ ਮਨਾਇਆ। ਇਸ ਮੌਕੇ ਕਲੱਬ ਦੇ ਪ੍ਰਧਾਨ ਜੁਗਲ ਕਿਸ਼ੋਰ, ਜਨਰਲ ਸਕੱਤਰ ਰਛਪਾਲ ਸਿੰਘ ਗਿੱਲ, ਕੈਸ਼ੀਅਰ ਦਵਿੰਦਰ ਗਿੱਲ, ਸੀਨੀਅਰ ਮੀਤ ਪ੍ਰਧਾਨ ਹਰਿੰਦਰਜੀਤ ਗਿੱਲ, ਪ੍ਰਿੰਸੀਪਲ ਚਮਕੌਰ ਸਿੰਘ ਸਰਾ, ਮਾਸਟਰ ਮੇਜਰ ਸਿੰਘ ਗਿੱਲ, ਬਾਬਾ ਸਰਬਦਾਸ ਕ੍ਰਿਕਟ ਕਲੱਬ ਜ਼ੀਰਾ ਦੇ ਕਪਤਾਨ ਸੁਖਪਾਲ ਸਿੰਘ ਗਿੱਲ ਅਤੇ ਮੈਂਬਰ ਗਗਨਦੀਪ ਗਿੱਲ, ਰਜਿੰਦਰ ਸਿੰਘ ਗਿੱਲ, ਗੁਰਕੀਰਤ ਸਿੰਘ ਗਿੱਲ, ਸੁਖਦੀਪ ਸਿੰਘ ਗਿੱਲ, ਲੱਕੀ ਅਹੂਜਾ, ਪ੍ਰਿੰਸ ਟੈਲੀਕਾਮ, ਮਿੰਟੂ ਵੋਹਰਾ, ਵਿੱਕੀ ਸੰਧੂ, ਮਨੀ ਭੰਬਾ ਅਤੇ ਹਰਮਿੰਦਰ ਸਿੰਘ (ਬਿੱਲਾ) ਹਾਜ਼ਰ ਸਨ।

**ਜਗਰਾਉ, (ਵਿਯੋਗ ਜਗਰਾਨਵੀ)** ਸਰਬੰਸ ਦਾਨੀ, ਅੰਮ੍ਰਿਤ ਦੇ ਦਾਤੇ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਆਗਮਨ ਪੁਰਬ ਗੁਰਦੁਆਰਾ ਸਾਹਿਬ ਬੀਬੀ ਅਜੀਤ ਕੌਰ ਗੀਤਾ ਕਲੋਨੀ ਜਗਰਾਉ ਵਿਖੇ ਅਤਿ ਸ਼ਰਧਾ ਸਤਿਕਾਰ ਤੇ ਏਕਤਾ ਨਾਲ ਮਨਾਇਆ ਗਿਆ। ਸਵੇਰ ਸਮੇਂ ਸ੍ਰੀ ਅਖੰਡ ਪਾਠ ਜੀ ਦੇ ਭੋਗ ਉਪਰੰਤ ਅਸਥਾਨ ਦੇ ਹਜ਼ੂਰੀ ਰਾਗੀ ਭਾਈ ਗੁਰਵਿੰਦਰ ਪ੍ਰੀਤ ਸਿੰਘ ਖਾਲਸਾ ਦੇ ਜੱਥੇ ਵੱਲੋਂ ਮਨੋਹਰ ਗੁਰਬਾਣੀ ਦਾ ਕੀਰਤਨ ਗਾਇਨ ਕਰਕੇ ਸੰਗਤਾਂ ਨੂੰ ਗੁਰਚਰਨਾਂ ਨਾਲ ਜੋੜਿਆਂ ਗਿਆ। ਇਸ ਮੌਕੇ ਤੇ ਅਸਥਾਨ ਦੇ ਪ੍ਰਧਾਨ ਸ. ਸਿੰਗਾਰਾ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਗੁਰਪੁਰਬ ਦੀ ਵਧਾਈ ਦਿੰਦੇ ਹੋਏ ਪ੍ਰੇਰਨਾ ਕੀਤੀ ਕਿ ਸਾਨੂੰ ਗੁਰੂ ਪਾਤਸ਼ਾਹ ਜੀ ਦੀਆਂ ਸਿੱਖਿਆਵਾਂ ਨੂੰ ਗ੍ਰਹਿ ਕਰਕੇ, ਇੱਕ ਆਦਰਸ਼ਮਈ ਜੀਵਨ ਬਤੀਤ ਕਰਨਾ ਚਾਹੀਦਾ ਹੈ ਤੇ ਨੌਜਵਾਨ ਵਰਗ ਸ੍ਰੀ ਦਸ਼ਮੇਸ਼ ਪਿਤਾ ਜੀ ਵੱਲੋਂ ਬਖਸ਼ੀ ਹੋਈ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਬਾਣੀ ਤੇ ਬਾਣੇ ਨਾਲ ਜੁੜਨ ਦਾ ਸੰਕਲਪ ਕਰੇ ਤਾਂਕਿ ਸਮਾਜਿਕ ਬੁਰਾਈਆਂ ਦੇ ਨਾਲ-ਨਾਲ ਨਸ਼ਿਆਂ ਤੇ ਸਹਿਜੇ ਹੀ ਛੁਕਟਾਰਾ ਪਾ ਸਕੀਏ।

**ਜੈਤੋ, (ਜੋਗਿੰਦਰ ਕਾਲੜਾ)** ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦਿਹਾੜਾ ਮਨਾਉਂਦਿਆਂ ਹੋਇਆ ਗੁਰਦੁਆਰਾ ਸ੍ਰੀ ਗੰਗਸਰ ਸਾਹਿਬ ਜੈਤੋ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਤੇ ਗੁਰੂ ਕਾ ਅਤੁੱਟ ਲੰਗਰ ਲਗਾਇਆ ਗਿਆ। ਇਸ ਮੌਕੇ ਤੇ ਹਲਕਾ ਇੰਚਾਰਜ ਸਾਬਕਾ ਖੇਤੀ ਮੰਤਰੀ ਗੁਰਦੇਵ ਸਿੰਘ ਬਾਦਲ ਵੱਲੋਂ ਪਹੁੰਚੇ ਹੋਏ ਮੁੱਖ ਪਤਵੰਤਿਆਂ ਨੇ ਸਿਰੋਪਾਓ ਭੇਂਟ ਕੀਤੇ ਗਏ। ਇਨ੍ਹਾਂ ਵਿੱਚ ਗੁਰਮੀਤ ਵਿੱਕੀ ਬਰਾੜ, ਬਲਵਿੰਦਰ ਸਿੰਘ ਮੁਕੰਦ ਸਿੰਘ ਪੂੰਨ, ਸ਼੍ਰੋਮਣੀ ਕਮੇਟੀ ਮੈਂਬਰ ਸੁਖਦੇਵ ਸਿੰਘ ਬਾਠ, ਜਸਵੰਤ ਸਿੰਘ, ਲਖਵਿੰਦਰ ਸਿੰਘ ਲੱਖਾ ਕੁਲਵੰਤ ਸਿੰਘ ਜੈਤੋ ਆਦਿ ਸੰਗਤਾਂ ਨੇ ਹਾਜਰੀ ਲਗਵਾਈ।


ਭਾਈ ਅਨਮੋਲ ਸਿੰਘ (ਬਟਾਲਾ) ਦਾ ਰਾਗੀ ਜੱਥਾ ਮਾਡਲ ਟਾਊਨ ਗੁਰਦੁਆਰਾ ਪਠਾਨਕੋਟ ਵਿਖੇ ਗੁਰਬਾਣੀ ਗਾਇਨ ਨਾਲ ਸੰਗਤਾਂ ਨੂੰ ਨਿਹਲਾ ਕੀਤਾ। ਫੋਟੋ-ਧਵਨ, ਜੰਡੀਰ

**ਜਲੰਧਰ, (ਅ.ਬ.)**-ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਦੇ ਸੰਬੰਧ ਵਿੱਚ ਇੱਕ ਪ੍ਰੋਗਰਾਮ ਮੇਰਾ ਕਲਗੀਆਂ ਵਾਲਾ ਦਾ ਆਯੋਜਨ ਕਪੂਰਥਲਾ ਰੋਡ ਸਥਿਤ ਸੇਂਟ ਸੋਲਜ਼ਰ ਡਿਵਾਈਨ ਪਬਲਿਕ ਸਕੂਲ 'ਚ ਗਰੁੱਪ ਦੇ ਵਾਈਸ ਚੇਅਰਪਰਸਨ ਸ੍ਰੀਮਤੀ ਸੰਗੀਤਾ ਚੋਪੜਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਕੀਤਾ ਗਿਆ। ਪ੍ਰਿੰਸੀਪਲ ਸ੍ਰੀ ਹਰੀਦੱਤ ਸ਼ਰਮਾ ਦੀ ਪ੍ਰਧਾਨਗੀ ਹੇਠ ਸੋਨੂੰ ਵਿਦਿਆਰਥੀਆਂ ਦਿਵਾਸ਼ੀ, ਆਰੀਅਨ, ਰਿਤੀਸ਼, ਕਨਿਕਾ, ਅਵਨੀਤ, ਪ੍ਰਭਮੀਤ, ਦੀਪਸ਼ਿਖਾ ਆਦਿ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤਸਵੀਰ ਅੱਗੇ ਫੁੱਲ-ਮਾਲਾਵਾਂ ਭੇਟ ਕੀਤੀਆਂ ਅਤੇ ਉਨ੍ਹਾਂ ਦੇ ਗੁਰਪੁਰਬ ਦੀ ਸਭ ਨੂੰ ਵਧਾਈ ਦਿੱਤੀ। ਸੀਨੀਅਰ ਵਿਦਿਆਰਥੀਆਂ ਨੇ ਇਸ ਮੌਕੇ ਗੁਰੂ ਜੀ ਦੀ ਮਹਿਮਾ 'ਚ ਸ਼ਬਦ 'ਦੇਹ ਸ਼ਿਵਾ ਵਰ ਮੋਹਿ ਏਹਿ'। ਚਿੜੀਓਂ ਸੇ...., ਵਾਹ-ਵਾਹ ਗੁਰੂ ਗੋਬਿੰਦ ਸਿੰਘ ਆਪੇ ਗੁਰ-ਚੇਲਾ ਆਦਿ ਦਾ ਗੁਣਗਾਨ ਕੀਤਾ ਅਤੇ ਅਰਦਾਸ ਉਪਰੰਤ ਸਭ ਨੂੰ ਪ੍ਰਸ਼ਾਦ ਵੰਡਿਆ ਗਿਆ। ਪ੍ਰਿੰਸੀਪਲ ਸ੍ਰੀ ਸ਼ਰਮਾ ਨੇ ਗੁਰੂ ਜੀ ਦੇ ਗੁਰਪੁਰਬ ਦੀ ਸਭ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਜੀਵਨ ਤੋਂ